| | | |
|---|---|---|
| | **ਮੈਡੀਕਲ ਪ੍ਰਤੀ ਪੂਰਤੀ** | |
| 2.1 | ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਲਈ ਪ੍ਰੀਵਾਰ ਦੇ ਨਿਰਭਰ ਮੈਂਬਰ ਤੋਂ ਕੀ ਭਾਵ ਹੈ । | ਪਰੀਵਾਰ ਦਾ ਮੈਬਰ ਜੇਕਰ ਉਹ ਇਨਕਮਟੈਕਸ ਪੇਈ ਨਹੀਂ ਹੈ ਅਤੇ ਨਾ ਹੀ ਪੈਨਸ਼ਨਰ ਹੈ ਤਾਂ ਉਹ ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਲਈ ਨਿਰਭਰ ਮੰਨਿਆ ਜਾਵੇ ਜੇਕਰ ਉਸ ਨੂੰ ਹੋਰ ਕੋਈ ਪ੍ਰਤੀ ਪੂਰਤੀ ਨਹੀ ਮਿਲਦੀ ਸਿਹਤ ਤੇ ਪ੍ਰੀਵਾਰ ਭਲਾਈ ਪੰਜਾਬ,ਚੰਡੀਗੜ ਦਾ 12/2/11-5 ਸਿ5/721 ਮਿਤੀ 30.3.2012, ਪਰੰਤੂ ਜੇਕਰ ਕਿਸੇ ਕਰਮਚਾਰੀ ਜਾਂ ਉਸ ਦੇ ਨਿਰਭਰ ਨੇ ਮੈਡੀਕਲ ਇੰਸੋਰੈਂਸ ਕਰਵਾਈ ਹੈ ਤਾਂ ਉਹ ਆਪਣੇ ਇਲਾਜ਼ ਤੇ ਇੰਸੋਰੈਂਸ਼ ਕੰਪਨੀ ਦੁਆਰਾ ਰਿਫੰਡ ਨਾ ਕੀਤੀ ਗਈ ਰਕਮ ਸਰਕਾਰੀ ਨਿਯਮਾਂ ਅਨੁਸਾਰ ਵੱਧ ਤੋਂ ਵੱਧ ਬਣਦੀ ਰਕਮ ਤੋਂ ਨਾ ਵਧਦੀ ਰਕਮ, ਪੰਜਾਬ ਸਰਕਾਰ ਤੋਂ ਵੀ ਲੈ ਸਕਦਾ ਹੈ। **No. 12/3/2013-5H5/843, Dated 23rd May, 2013** |
| 2.2 | ਹਸਪਤਾਲ ਵਿਚ ਦਾਖਲ ਹੋਣ ਤੋਂ ਪਹਿਲਾਂ ਜਾਂ ਬਾਅਦ ਵਿਚ ਕੀਤੇ ਖਰਚੇ ਦੀ ਪ੍ਰਤੀ ਪੂਰਤੀ ਸਬੰਧੀ ਹਦਾਇਤਾਂ ਦਾ ਵੇਰਵਾ ਕੀ ਹੈ । | ਹਸਪਤਾਲ ਵਿਚ ਦਾਖਲ ਹੋਣ ਤੋਂ 7 ਦਿਨ ਪਹਿਲਾਂ ਕਰਾਏ ਗਏ ਟੈਸਟਾਂ/ਇਨਵੈਸਟੀਗੇਸ਼ਨ ਅਤੇ ਹਸਪਤਾਲ ਵਿਚੋਂ ਡਿਸਚਾਰਜ ਹੋਣ ਤੋਂ 1 ਮਹੀਨੇ ਬਾਅਦ ਤੱਕ ਉਸੇ ਬਿਮਾਰੀ ਨਾਲ ਸਬੰਧਤ ਆਊਟਡੋਰ ਇਲਾਜ ਨੂੰ ਇਨਡੋਰ ਇਲਾਜ ਹੀ ਸਮਝਿਆ ਜਾਵੇਗਾ ਅਤੇ ਖਰਚੇ ਦੀ ਪ੍ਰਤੀ ਪੂਰਤੀ ਕੀਤੀ ਜਾਵੇਗੀ । ਪੱਤਰ ਨੰਬਰ 12/6/2011-5ਸਿ5/1212 ਮਿਤੀ 29.4.2011 |
| 2.3 | ਪ੍ਰੀਵਾਰ ਨਿਯੋਜਨ ਦੇ ਕੇਸ ਵਿਚ ਮਿਲਣ ਵਾਲੇ ਲਾਭਾਂ ਦਾ ਵੇਰਵਾ ਦਸਿਆ ਜਾਵੇ । | ਮਿਤੀ 1.5.2010 ਤੋਂ ਘੱਟੋ ਘੱਟ ਪ੍ਰੀਵਾਰ ਨਿਯੋਜਨ ਭੱਤਾ 210.00 ਰੁਪਏ, ਗਰੁਪ ਸੀ ਅਤੇ ਡੀ ਨੂੰ ਪ੍ਰੀਵਾਰ ਨਿਯੋਜਨ ਭੱਤਾ ਇੱਕ ਸਾਲਾਨਾ ਤਰੱਕੀ ਦੇ ਬਰਾਬਰ, ਸਿਰਫ ਦੋ ਲੜਕੀਆਂ ਹੋਣ ਤੇ ਪ੍ਰੀਵਾਰ ਨਿਯੋਜਨ ਅਪ੍ਰੇਸ਼ਨ ਕਰਵਾਣ ਤੇ 2 ਸਾਲਾਨਾ ਤਰੱਕੀਆਂ ਪੱਤਰ ਨੰਬਰ 3/3/2010-5ਐਫ.ਪੀ./215 ਮਿਤੀ 21.5.2010 |
| 2.4 | ਹਲਕੇ ਹੋਏ ਜਾਨਵਰ ਦੇ ਕੱਟੇ ਜਾਣ ਤੇ ਸਰਕਾਰੀ ਕਰਮਚਾਰੀ ਜਾਂ ਰਿਟਾਇਰੀ ਨੂੰ ਜਾਂ ਉਸ ਦੇ ਆਸਰਿਤ ਪ੍ਰੀਵਾਰ ਨੂੰ ਇਲਾਜ ਕਰਵਾਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਸਬੰਧੀ ਹਦਾਇਤਾਂ ਬਾਰੇ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ, ਸਿਹਤ ਅਤੇ ਪ੍ਰੀਵਾਰ ਭਲਾਈ ਦੇ ਪੱਤਰ ਨੰਬਰ 12/25/2010-5ਸਿ5/1740 ਮਿਤੀ 24.08.2010 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕੁੱਤੇ, ਸੱਪ, ਨਿਊਲੇ ਅਤੇ ਹੋਰ ਜਾਨਵਰ ਦੇ ਕਟੇ ਜਾਣ ਤੇ ਕੋਈ ਮੁਲਾਜਮ ਐਂਟੀ ਰੇਬਿਜ ਦਾ ਟਰੀਟਮੈਂਟ ਓ.ਪੀ.ਡੀ. ਵਿਚ ਲੈਣ ਤੇ ਵੀ ਉਸ ਦੇ ਖਰਚੇ ਦੀ ਪ੍ਰਤੀ ਪੂਰਤੀ ਹੋਵੇਗੀ । |
| 2.5 | ਕਰੋਨਿਕ ਬਿਮਾਰੀ ਹੋਣ ਤੇ ਮੈਡੀਕਲ ਰੀਮਬਰਸਮੈਂਟ ਦੇ ਨਿਯਮ ਕੀ ਹਨ ? | ਜੇਕਰ ਕਿਸੇ ਕਰਮਚਾਰੀ ਜਾਂ ਉਸ ਦੇ ਨਿਰਭਰ ਮੈਂਬਰ ਨੂੰ ਕੋਈ ਕਰੋਨਿਕ ਬਿਮਾਰੀ ਹੋ ਜਾਂਦੀ ਹੈ ਅਤੇ ਇਸ ਸਬੰਧੀ ਸਰਟੀਫੀਕੇਟ ਪੀ.ਜੀ.ਆਈ, ਮੈਡੀਕਲ ਕਾਲਜ ਤੇ ਹਸਪਤਾਲ ਸੈਕਟਰ 32, ਏਮਜ ਅਤੇ ਪੰਜਾਬ ਵਿਚ ਤਿੰਨ ਮੈਡੀਕਲ ਕਾਲਜਾਂ ਦੇ ਹਸਪਤਾਲ ਵਲੋ ਕਿਸੇ ਇੱਕ ਵਲੋ ਕਰੋਨਿਕ ਬਿਮਾਰੀ ਦਾ ਸਰਟੀਫੀਕੇਟ ਜਾਰੀ ਹੁੰਦਾ ਹੈ ਤਾਂ ਜਿਲਾ ਪੱਧਰ ਦੇ ਸਰਕਾਰੀ ਹਸਪਤਾਲ, ਡੀ.ਐਮ.ਸੀ./ਸੀ.ਐਮ.ਸੀ ਵਿਚ ਆਉਟ ਡੋਰ ਇਲਾਜ ਕਰਵਾਣ ਤੇ ਵੀ ਖਰਚੇ ਦੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ ।ਸਿਹਤ ਅਤੇ ਪ੍ਰੀਵਾਰ ਭਲਾਈ ਦੀ ਹਦਾਇਤਾਂ ਨੰਬਰ 12/10/10-ਸਿ5/1165 ਮਿਤੀ 14.6.10 (ਇਹ ਸਰਟੀਫਿਕੇਟ ਪੰਜ ਸਾਲ ਤੱਕ ਲਾਗੂ ਰਹੇਗਾ) |
| 2.6 | ਕਰਮਚਾਰੀ ਤੇ ਨਿਰਭਰ ਦਾਦਾ / ਦਾਦੀ ਦੇ ਕੇਸ ਵਿਚ ਮੈਡੀਕਲ ਕਲੇਮ ਦੀ ਪ੍ਰਤੀ ਪੂਰਤੀ ਕੀਤੀ ਜਾ ਸਕਦੀ ਹੈ ? | ਸਿਹਤ ਵਿਭਾਗ ਦੇ ਪੱਤਰ ਨੰਬਰ 12/97/5ਸਿ5/9495 ਮਿਤੀ 17.3.94 ਵਿਚ ਦਾਦਾ / ਦਾਦੀ ਨੂੰ ਪ੍ਰੀਵਾਰ ਦੀ ਪ੍ਰੀਭਾਸ਼ਾ ਵਿਚ ਨਹੀ ਲਿਆ ਗਿਆ । |
| 2.7 | ਮੇਰੇ ਸਕੂਲ ਦੇ ਕਰਮਚਾਰੀ ਨੇ ਆਪਣੀ ਮਾਤਾ ਦਾ ਇਲਾਜ਼ ਕਰਵਾਇਆ ਹੈ ਅਤੇ ਉਸ ਦੇ ਮਾਤਾ ਜੀ ਆਪਣੇ ਪਤੀ ਜੋ ਕਿ ਜੇ.ਬੀ.ਟੀ.ਟੀਚਰ ਸਨ ਦੀ ਮੌਤ ਉਪਰੰਤ ਪਰਿਵਾਰਕ ਪੈਨਸ਼ਨ (ਬੇਸਿਕ 3500) ਲੈ ਰਹੇ ਹਨ ਕਿ ਕਰਮਚਾਰੀ ਮੈਡੀਕਲ | ਇਸ ਸਬੰਧ ਵਿਚ ਪੰਜਾਬ ਸਰਕਾਰ ਸਿਹਤ ਵਿਭਾਗ ਦੀਆਂ ਹਦਾਇਤਾਂ ਮਿਤੀ 31.3.2012 ਅਨੁਸਾਰ ਪ੍ਰੀਵਾਰ ਦੇ ਮੈਂਬਰ ਜਿਹੜੇ ਆਮਦਨ ਕਰ ਵਿਚ ਨਹੀਂ ਆਉਂਦੇ ਉਨਾਂ ਨੂੰ ਮੈਡੀਕਲ ਰਿਮਬਰਸਮੈਂਟ ਲਈ ਕਰਮਚਾਰੀ ਤੇ ਨਿਰਭਰ ਸਮਝਿਆ ਜਾਵੇਗਾ। ਬਸਰਤੇ ਕੇ ਉਹ ( ਪ੍ਰੀਵਾਰ ਦਾ ਮੈਂਬਰ ) ਖੁਦ ਕਲੇਮ ਨਾਂ ਕਰ ਸਕਦਾ ਹੋਵੇ ।ਇਸ ਕੇਸ ਵਿਚ ਜਾਪਦਾ ਹੈ ਕਿ ਕਰਮਚਾਰੀ ਦੀ ਮਾਂ ਜੇਕਰ ਪੈਨਸੁਨ ਲੈ ਰਹੀ ਹੈ ਤਾਂ ਉਹ ਖੁਦ ਆਪਣਾ ਮੈਡੀਕਲ ਕਲੇਮ ਕਰ ਸਕਦੀ ਹੈ । |

| | | |
|---|---|---|
| | ਖਰਚੇ ਦੀ ਪ੍ਰਤੀ ਪੂਰਤੀ ਸਬੰਧੀ ਇਸ ਦਫਤਰ ਵੱਲੋ ਅਪਲਾਈ ਕਰ ਸਕਦਾ ਹੈ। ਕਿਰਪਾ ਕਰਕੇ ਜਾਣਕਰੀ ਦਿੱਤੀ ਜਾਵੇ ਜੀ। | |